# ਦੁਰਪ੍ਰਬੰਧ, ਦੁਰਪ੍ਰਬੰਧ, ਦੁਰਪ੍ਰਬੰਧ...ਦੁਰਪ੍ਰਬੰਧ

**ਵਿਚਾਰ-ਚਰਚਾ**

**ਗੁਰਸ਼ਰਨ ਸਿੰਘ**



3 H Oct, 2008

ਝੋਨੇ ਦੀ ਫ਼ਸਲ ਦੀ ਮੰਡੀ ਵਿਚ ਖ਼ਰੀਦ ਸਰਕਾਰ ਦਾ ਉਹ ਪ੍ਰਬੰਧ ਹੈ, ਜਿਸ ਪ੍ਰਬੰਧ ਦੇ ਨਾਲ ਪੰਜਾਬ ਦੇ 80 ਫੀ ਸਦੀ ਲੋਕਾਂ ਦਾ ਜਿਊਣਾ ਮਰਨਾ ਜੁੜਿਆ ਹੋਇਆ ਹੈ। ਪਰ ਇਸ ਪ੍ਰਬੰਧ ਵਿਚ ਜਿਹੜੀ ਨਾਲਾਇਕੀ ਵਿਖਾਈ ਜਾਂਦੀ ਹੈ ਜਾਂ ਵਿਖਾਈ ਜਾ ਰਹੀ ਹੈ, ਉਹ ਆਪਣੇ-ਆਪ ਵਿਚ ਇਸ ਨਿਜ਼ਾਮ ਦੇ ਦੁਰਪ੍ਰਬੰਧ ਦੀ ਜੀਂਦੀ-ਜਾਗਦੀ ਮਿਸਾਲ ਹੈ। ਮੰਤਰੀ ਤੋਂ ਲੈ ਕੇ, ਐਫ.ਸੀ.ਆਈ. ਦੇ ਪ੍ਰਬੰਧਕ, ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਮਾਹਿਰ ਸਭ ਇਸ ਦੁਰਪ੍ਰਬੰਧ ਵਿਚ ਸ਼ਾਮਲ ਹਨ। ਇਹ ਫ਼ੈਸਲਾ ਹੀ ਨਹੀਂ ਕਰ ਸਕੇ ਕਿ ਝੋਨੇ ਦੀ ਕਵਾਲਿਟੀ ਦਾ ਕਿਹੜਾ ਮਿਆਰ ਮਿਥਿਆ ਜਾਏ? ਨਤੀਜੇ ਦੇ ਤੌਰ 'ਤੇ ਸਾਰੀ ਮੁਸੀਬਤ ਕਿਸਾਨ ਨੂੰ ਝੱਲਣੀ ਪੈ ਰਹੀ ਹੈ। ਉਹਦੀ ਧੀਆਂ-ਪੁੱਤਾਂ ਵਾਂਗ ਪਾਲੀ ਫ਼ਸਲ ਮੰਡੀਆਂ ਵਿਚ ਇੰਸਪੈਕਟਰਾਂ ਦੇ ਠੁੱਡਿਆਂ ਦੀ ਸ਼ਿਕਾਰ ਹੈ।

ਇਸ ਖ਼ਰੀਦ ਵਿਚ ਕਿਸਾਨ, ਆੜ੍ਹਤੀ, ਖ਼ਰੀਦ ਏਜੰਸੀਆਂ ਦੇ ਇੰਸਪੈਕਟਰ, ਨੀਤੀ ਬਣਾਉਣ ਵਾਲੀ ਅਫ਼ਸਰਸ਼ਾਹੀ, ਸਰਕਾਰ ਚਲਾਉਣ ਵਾਲੇ ਮਨਿਸਟਰ ਸਭ ਸ਼ਾਮਲ ਹਨ। ਉਹ ਕਿਉਂ ਨਹੀਂ ਮਿਥ ਸਕਦੇ ਕਿ ਕਵਾਲਟੀ ਦੀ ਕੀ ਕਸੌਟੀ ਹੋਵੇਗੀ? ਜਾਣਬੁੱਝ ਕੇ ਭੰਬਲਭੂਸੇ ਵਰਗੀ ਸਥਿਤੀ ਬਣਾਈ ਜਾਂਦੀ ਹੈ ਤਾਂ ਜੋ ਭ੍ਰਿਸ਼ਟਾਚਾਰ ਅੰਨ੍ਹੇਵਾਹ ਚਲ ਸਕੇ। ਸਵਾਲ ਉੱਠਦਾ ਹੈ ਕਿ ਇਹ ਦੁਰਪ੍ਰਬੰਧ ਕਿਉਂ ਹੈ?

ਕਿਉਂਕਿ ਇਹ ਸਾਰਾ ਨਿਜ਼ਾਮ ਗ਼ਰੀਬ ਦੁਸ਼ਮਣ ਅਤੇ ਮਿਹਨਤਕਸ਼ ਲੋਕਾਂ ਦਾ ਦੁਸ਼ਮਣ ਹੈ। ਪੰਜਾਬ ਦੇ ਕਿਸਾਨ ਏਨੇ ਸਾਲਾਂ ਵਿਚ ਇਹ ਕਿਉਂ ਨਹੀਂ ਸਮਝ ਸਕੇ? ਬਹੁਤ ਸਿਆਣੇ ਹੁੰਦੇ ਹੋਏ ਵੀ ਉਹ ਇਹ ਨਹੀਂ ਸਮਝ ਸਕੇ। ਸੁਨਾਮ ਦੀ ਜ਼ਿਮਨੀ ਚੋਣ ਇਹਦਾ ਸਬੂਤ ਹੈ। ਸੁਨਾਮ ਦੀ ਜ਼ਿਮਨੀ ਚੋਣ ਜਿਸ ਵੇਲੇ ਹੋਈ, ਉਸ ਵੇਲੇ ਤੱਕ ਕਿਸਾਨ ਨੂੰ ਇਹ ਪਤਾ ਲੱਗ ਗਿਆ ਸੀ ਕਿ ਉਹਦਾ ਝੋਨਾ ਮੰਡੀਆਂ ਵਿਚ ਰੁਲਣਾ ਹੈ। ਇਹ ਵੀ ਪਤਾ ਲੱਗ ਚੁੱਕਿਆ ਸੀ ਕਿ ਸਰਕਾਰੀ ਖਰੀਦ ਏਜੰਸੀਆਂ ਨੇ ਪਹਿਲ 30 ਸਤੰਬਰ ਮੰਡੀ ਵਿਚ ਆਉਣਾ ਸੀ ਪਰ ਚੋਣਾਂ ਕਰਕੇ ਇਹ ਤਰੀਖ 21 ਸਤੰਬਰ ਕੀਤੀ ਗਈ। ਇਹ ਤੱਥ ਬਿਲਕੁਲ ਹੀ ਸਪੱਸ਼ਟ ਸਨ ਪਰ ਇਹ ਵੀ ਸਪੱਸ਼ਟ ਹੈ ਕਿ ਉਹਨਾਂ ਨੇ ਇਸ ਤੱਥ ਬਾਰੇ ਹਕੂਮਤੀ ਪਾਰਟੀ ਦੇ ਵਿਰੁੱਧ ਕੋਈ ਰੋਸ ਨਹੀਂ ਪ੍ਰਗਟ ਕੀਤਾ, ਸਗੋਂ ਉਸ ਪਾਰਟੀ ਦੇ ਹੱਕ ਵਿਚ ਵੱਡੀ ਗਿਣਤੀ ਵਿਚ ਵੋਟਾਂ ਪਾਈਆਂ ਹਨ। ਉਹਨਾਂ ਨੇ ਸਗੋਂ ਉਹਨਾਂ ਸ਼ਕਤੀਆਂ ਨੂੰ ਰੱਦ ਕੀਤਾ ਹੈ, ਜੋ ਉਹਨਾਂ ਨੂੰ ਜਥੇਬੰਦ ਕਰਨ ਦੇ ਯਤਨ ਕਰਦੇ ਹਨ। ਅੱਗੇ ਲੱਗਕੇ ਲਾਠੀਆਂ ਖਾਂਦੇ ਹਨ। ਅੱਥਰੂ ਗੈਸ ਅੱਖਾਂ ਵਿਚ ਪੁਆਂਦੇ ਹਨ। ਵਾਟਰ ਗੰਨੀਆਂ ਦਾ ਮੁਕਾਬਲਾ ਕਰਦੇ ਹਨ। ਸੁਨਾਮ ਚੋਣਾਂ ਵਿਚ ਕੀ ਜੋੜ-ਤੋੜ ਹੋਈ? ਕਿਉਂ ਹੋਈ? ਇਹ ਇਕ ਵੱਖਰਾ ਸਵਾਲ ਹੈ, ਪਰ ਇਕ ਗੱਲ ਤਾਂ ਸਪੱਸ਼ਟ ਹੈ ਕਿ ਲੋਕ ਹਾਕਮ ਪਾਰਟੀ ਦੇ ਹੱਕ ਵਿਚ ਭੁਗਤੇ ਹਨ। ਉਸ ਹਾਕਮ ਪਾਰਟੀ ਦੇ ਹੱਕ ਵਿਚ ਭੁਗਤੇ ਹਨ ਜਿਸ ਬਾਰੇ ਪਹਿਲਾਂ ਹੀ ਇਹ ਗੱਲ ਸਾਫ਼ ਸੀ ਕਿ ਉਹਨੇ ਕਿਸਾਨ ਦੇ ਝੋਨੇ ਦੀ ਖ਼ਰੀਦ ਦਾ ਕੋਈ ਪ੍ਰਬੰਧ ਨਹੀਂ ਕੀਤਾ। ਕਿਸਾਨ ਨੇ ਸਿਆਣੇ ਹੁੰਦਿਆਂ ਹੋਇਆਂ ਵੀ ਆਪਣੀ ਮੌਤ ਦਾ ਰਾਹ ਚੁਣਿਆ ਹੈ। ਸੁਨਾਮ ਦੀ ਚੋਣ ਨੇ ਹਾਕਮ ਪਾਰਟੀ ਨੂੰ ਇਹ ਸਰਟੀਫਿਕੇਟ ਦਿੱਤਾ ਹੈ ਕਿ ਬੇਸ਼ੱਕ ਜਿੰਨਾ ਮਰਜ਼ੀ ਦੁਰਪ੍ਰਬੰਧ ਕਰੋ, ਅਸੀਂ ਤੁਹਾਡੇ ਨਾਲ ਹਾਂ।

ਵਿਰੋਧੀ ਧਿਰ ਨੂੰ, ਖ਼ਾਸ ਕਰਕੇ ਖੱਬੀ ਧਿਰ ਲਈ ਇਨ੍ਹਾਂ ਸਾਰੇ ਤੱਥਾਂ ਦਾ ਵਿਸ਼ਲੇਸ਼ਣ ਕਰਨਾ ਬਣਦਾ ਹੈ। ਅਸੀਂ ਆਪਣੀ ਸ਼ਕਤੀ ਕਿਸੇ ਗ਼ਲਤ ਥਾਂ 'ਤੇ ਨਹੀਂ ਲਾ ਰਹੇ? ਕਰੋੜ ਲੋਕਾਂ ਨੂੰ ਇਸ ਦੁਰਪ੍ਰਬੰਧ ਤੋਂ ਨਿਜਾਤ ਦਿਵਾਉਣ ਲਈ ਇਹ ਵਿਸ਼ਲੇਸ਼ਣ ਕਰਨਾ ਬਣਦਾ ਹੈ।

•••